# ਮੁੱਖ ਧਾਰਾ

**ਸੀਨ ਪਹਿਲਾ**

(ਜੇਲ੍ਹ ਦੇ ਦਫਤਰ ਵਿਚ ਵਰਦੀਧਾਰੀ ਅਫਸਰ, ਨੌਜਵਾਨ ਜਗਸੀਰ ਨੂੰ ਸੰਬੋਧਨ ਹੈ।)

ਅਫਸਰ : ਤੈਨੂੰ ਰਿਹਾਅ ਕੀਤਾ ਜਾਂਦਾ ਹੈ।

ਜਗਸੀਰ : ਕਿਉਂ ਏਨੀ ਮਿਹਰਬਾਨੀ ਕਿਉਂ ਕਰ ਰਹੇ ਹੋ ?

ਅਫਸਰ : ਸਰਕਾਰ ਦੀ ਨੀਤੀ ਹੈ ਕਿ ਗੁੰਮਰਾਹ ਹੋਏ ਨੌਜਵਾਨਾਂ ਨੂੰ ਇਕ ਮੌਕਾ ਦਿੱਤਾ ਜਾਏ ਕਿ ਉਹ ਦੇਸ਼ ਦੀ ਮੁੱਖ ਧਾਰਾ ਵਿਚ ਸ਼ਾਮਲ ਹੋਣ।

ਜਗਸੀਰ : ਕਿਹੜੀ ਮੁੱਖ ਧਾਰਾ ?

ਅਫਸਰ : ਇਹ ਤਾਂ ਮੈਂ ਨਹੀਂ ਦੱਸ ਸਕਦਾ। ਹਾਲੀਂ ਤਾਂ ਹਰ ਪਾਸੇ ਭੰਗੜੇ ਪੈ ਰਹੇ ਨੇ, ਤੂੰ ਵੀ ਭੰਗੜਾ ਪਾ। ਕਿਸੇ ਵੇਲੇ ਤੂੰ ਚੰਗਾ ਭੰਗੜਾ ਪਾਉਂਦਾ ਸੀ।

ਜਗਸੀਰ : ਕਿਸੇ ਵੇਲੇ ਚੰਗਾ ਭੰਗੜਾ ਪਾ ਸਕਦਾ ਸਾਂ ਪਰ ਇਥੇ ਜੋ ਤੁਸੀਂ ਮੇਰੇ ਹੱਡ ਕੁੱਟੇ ਨੇ, ਹੁਣ ਮੈਂ ਭੰਗੜਾ ਨਹੀਂ ਪਾ ਸਕਦਾ।

ਅਫਸਰ : ਉਹ ਤੇ ਤੂੰ ਸਾਡਾ ਮਹਿਮਾਨ ਸੀ, ਇਸ ਲਈ ਤੇਰੀ ਖਾਤਰਦਾਰੀ ਤਾਂ ਕਰਨੀ ਹੀ ਸੀ। ਮੇਰੇ ਨਾਲ ਖੇਤਾਂ ਵਿਚ ਕੰਮ ਕਰ। ਰੁੱਖੀ ਸੁੱਕੀ, ਜੋ ਅਸੀਂ ਖਾਂਦੇ ਹਾਂ, ਤੂੰ ਵੀ ਖਾ।

ਜਗਸੀਰ : ਹਾਂ, ਇਸੇ ਨੂੰ ਵੀ ਸ਼ਾਇਦ ਮੁੱਖ ਧਾਰਾ ਵਿਚ ਸ਼ਾਮਲ ਕਰਨਾ ਕਹਿੰਦੇ ਨੇ।

ਅਫਸਰ : ਤੈਨੂੰ ਇਹ ਦੱਸ ਦੇਵਾਂ ਕਿ ਕੁਝ ਚਿਰ ਲਈ ਸਾਡਾ ਇਕ ਸਿਪਾਹੀ ਤੇਰੇ 'ਤੇ ਪੂਰੀ ਨਿਗਰਾਨੀ ਰੱਖੇਗਾ, ਇਸ ਲਈ ਤੂੰ ਸਾਊ ਬਣਕੇ ਰਹੀਂ।

ਜਗਸੀਰ : ਮੈਂ ਕੋਸ਼ਿਸ਼ ਕਰਾਂਗਾ ਕਿ ਸਾਊ ਬਣਕੇ ਮੁੱਖ ਧਾਰਾ ਵਿਚ ਸ਼ਾਮਲ ਹੋਵਾਂ।

*(ਜਾਂਦਾ ਹੈ ਸਿਪਾਹੀ ਵੀ ਪਿੱਛੇ ਪਿੱਛੇ ਜਾਂਦਾ ਹੈ। ਸੰਗੀਤ ਦੀ ਧੁਨ ਵੱਜਦੀ ਹੈ ਤੇ ਫੇਡ ਆਊਟ ਹੁੰਦਾ ਹੈ। ਸੰਗੀਤ ਦੀ ਧੁਨ ਵਿਚ ਹੀ ਸੀਨ ਦੋ ਦੀ ਤਿਆਰੀ ਹੋ ਜਾਂਦੀ ਹੈ।)*

**ਸੀਨ 2**

(ਜਗਸੀਰ ਦਾ ਘਰ, ਉਹ ਮਾਂ ਅਤੇ ਬਾਪੂ ਨਾਲ ਗੱਲਾਂ ਕਰ ਰਿਹਾ ਹੈ।)

ਜਗਸੀਰ : ਬਾਪੂ ਜੀ, ਮੈਂ ਵਾਪਸ ਆ ਗਿਆ ਹਾਂ। ਮੇਰੇ ਲਈ ਕੀ ਹੁਕਮ ਏ ? ਮੈਂ ਵਾਅਦਾ ਕੀਤਾ ਏ ਕਿ ਮੈਂ ਮੁੱਖ ਧਾਰਾ ਵਿਚ ਸ਼ਾਮਲ ਹੋਵਾਂਗਾ।

ਬਾਪੂ : ਮੈਂ ਤੈਨੂੰ ਕੀ ਹੁਕਮ ਦੇ ਸਕਦਾ ਹਾਂ ? ਮੇਰੇ ਨਾਲ ਖੇਤਾਂ ਵਿਚ ਕੰਮ ਕਰ। ਰੁੱਖੀ ਸੁੱਕੀ, ਜੋ ਅਸੀਂ ਖਾਂਦੇ ਹਾਂ, ਤੂੰ ਵੀ ਖਾ।

ਮਾਂ : ਪੁੱਤਾ, ਤੂੰ ਘਰ ਆ ਗਿਆ ਏਂ, ਤਾਂ ਸਾਨੂੰ ਸਭ ਕੁਝ ਮਿਲ ਗਿਆ।

ਬਾਪੂ : ਪਿਛਲੇ ਸਾਲ ਜਿਸ ਤਰ੍ਹਾਂ ਅਸੀਂ ਕੱਟੇ ਨੇ, ਉਹ ਅਸੀਂ ਹੀ ਜਾਣਦੇ ਹਾਂ। ਸਾਨੂੰ ਹਰ ਕਿਸਮ ਦੀ ਜ਼ਿਲਤ ਭੋਗਣੀ ਪਈ।

ਮਾਂ : ਤੇਰੀ ਭੈਣ ਦਾ ਵਿਆਹ ਵੀ ਜਲਦੀ ਇਸੇ ਲਈ ਕੀਤਾ।

ਬਾਪੂ : ਪੁੱਛਗਿੱਛ ਦੇ ਬਹਾਨੇ ਆਉਂਦੇ ਤਾਂ ਜੀਤੀ ਵੱਲ ਹੋਰ ਹੋਰ ਨਜ਼ਰਾਂ ਨਾਲ ਵੇਖਦੇ।

ਮਾਂ : ਕਦੀ ਇਕੱਲੀ ਨੂੰ ਪਰ੍ਹਾਂ ਲਿਜਾ ਕੇ  ਸਵਾਲ ਪੁੱਛਦੇ।

ਜਗਸੀਰ : ਕੀ ਪੁੱਛਦੇ ?

ਮਾਂ : ਪਈ ਦੱਸੇ ਕਿ ਜਗਸੀਰ ਦੇ ਕੌਣ ਕੌਣ ਦੋਸਤ ਘਰ ਆਉਂਦੇ ਸਨ ? ਕਿਹਨੂੰ ਕਿਹਨੂੰ ਉਹ ਚਾਹ ਪਿਆਉਂਦੀ ਸੀ ? ਉਹਦਾ ਵਿਆਹ ਕੀਤਾ ਤਾਂ ਸੁੱਖ ਦਾ ਸਾਹ ਲਿਆ।

ਬਾਪੂ : ਤੂੰ ਪੁੱਛਿਆ ਕਿ ਕੀ ਕਰੇਂ ? ਮੇਰੀ ਮੰਨ ਪਹਿਲੇ ਕੁਝ ਪੜ੍ਹ ਤੇ ਇਮਤਿਹਾਨ ਪਾਸ ਕਰ, ਜੋ ਵਿਚੇ ਛੱਡ ਗਿਆ ਸੀ।

ਜਗਸੀਰ : ਹਾਂ ਬਾਪੂ, ਮੈਂ ਜਿਸ ਤਰ੍ਹਾਂ ਵੀ ਹੋਇਆ, ਇਮਤਿਹਾਨ ਪਾਸ ਕਰਾਂਗਾ, ਤਾਂ ਹੀ ਤਾਂ ਮੈਂ ਮੁੱਖ ਧਾਰਾ ਵਿਚ ਸ਼ਾਮਲ ਹੋ ਸਕਾਂਗਾ।

*(ਫੇਡ ਆਊਟ ਸੰਗੀਤ)*

## ਸੀਨ ਤੀਸਰਾ

(ਇਕ ਮਾਸਟਰ ਦਾ ਘਰ, ਮਾਸਟਰ ਬਾਹਰੋਂ ਸ਼ਰਾਬ ਪੀ ਕੇ ਘਰ ਗਿਆ ਹੈ। ਪਤਨੀ ਨਾਲ ਗੱਲਬਾਤ)

ਪਤਨੀ : ਤੁਸੀਂ ਅੱਜ ਫੇਰ ਪੀ ਕੇ ਆ ਗਏ ਹੋ ?

ਮਾਸਟਰ : ਹਾਂ ਆ ਗਿਆ ਹਾਂ, ਪਰ ਸੱਚ ਜਾਣ ਮੈਂ ਆਪਣੇ ਪੈਸਿਆਂ ਦੀ ਨਹੀਂ ਪੀਤੀ।

ਪਤਨੀ : ਕਿਥੋਂ ਪੀਤੀ ਏ ?

ਮਾਸਟਰ : ਇਮਤਿਹਾਨਾਂ ਦਾ ਸੀਜ਼ਨ ਏ, ਕਈਆਂ ਦੀਆਂ ਲੋੜਾਂ ਪੂਰੀਆਂ ਕਰੀਦੀਆਂ ਨੇ, ਇਹ ਸਭ ਚਲਦਾ ਏ।

ਪਤਨੀ : ਆਪ ਵੀ ਭੈੜੀਆਂ ਆਦਤਾਂ ਅਪਣਾਉਂਦੇ ਹੋ ਤੇ ਵਿਦਿਆਰਥੀਆਂ ਨੂੰ ਵੀ ਸਿਖਾਉਂਦੇ ਹੋ।

*(ਬੂਹਾ ਖੜਕਦਾ ਹੈ)*

ਮਾਸਟਰ : ਲੈਕਚਰ ਬੰਦ ਕਰ ਤੇ ਬੂਹਾ ਖੋਲ੍ਹ।

ਪਤਨੀ : ਮੈਂ ਅੰਦਰ ਚਲੀ ਹਾਂ, ਆਪੇ ਜਾ ਕੇ ਖੋਲ੍ਹੋ।

*(ਲੜਖੜਾਂਦਾ ਹੋਇਆ ਜਾਂਦਾ ਹੈ ਤੇ ਬੂਹ ਖੋਲ੍ਹਦਾ ਹੈ।)*

ਮਾਸਟਰ : (ਥੋੜ੍ਹਾ ਜਿਹਾ ਘਬਰਾ ਕੇ) ਜਗਸੀਰ ਸਿੰਘ ਤੂੰ ?

ਜਗਸੀਰ : ਡਰੋ ਨਾ ਮਾਸਟਰ ਜੀ ਹੁਣ ਮੈਂ ਪਹਿਲੇ ਵਾਲਾ ਜਗਸੀਰ ਨਹੀਂ...। ਇਹ ਲਵੋ ਆਪਣੀ ਫੀਸ। ਮੈਂ ਕੱਲ੍ਹ ਇਮਤਿਹਾਨ ਵਿਚ ਬੈਠਣਾ ਹੈ। ਪਰਚੇ ਕਰਵਾਉਣਾ ਤੁਹਾਡਾ ਜ਼ਿੰਮਾ।

ਮਾਸਟਰ : ਇਹ ਮੈਂ ਕੀ ਸੁਣਦਾ ਪਿਆ ਹਾਂ ?

ਜਗਸੀਰ : ਬਸ ਇਹੋ ਹੀ ਕਿ ਮੈਂ ਹੁਣ ਮੁੱਖ ਧਾਰਾ ਵਿਚ ਸ਼ਾਮਲ ਹੋ ਗਿਆ ਹਾਂ।

*(ਫੇਡ ਆਊਟ ਅਤੇ ਸੰਗੀਤ)*

## ਸੀਨ 4

(ਸਰਕਾਰੀ ਦਫਤਰ। ਇਕ ਵੱਡੇ ਅਫਸਰ ਨਾਲ ਜਗਸੀਰ ਦੀ ਗੱਲਬਾਤ)

ਜਗਸੀਰ : ਜਨਾਬ, ਮੇਰੀ ਫਸਟ ਡਵੀਜ਼ਨ ਏ।

ਅਫਸਰ : ਮੈਨੂੰ ਪਤਾ ਏ ਕਿ ਇਹ ਡਵੀਜ਼ਨਾਂ ਕਿਸ ਤਰ੍ਹਾਂ ਆਉਂਦੀਆਂ ਨੇ। ਇਹ ਦਸ ਵੀਹ ਹਜ਼ਾਰ ਖਰਚ ਸਕਦਾ ਏਂ ?

ਜਗਸੀਰ : ਇਹਦੇ ਨਾਲ ਤਾਂ ਬਾਪੂ ਦੇ ਚਾਰ ਕਿੱਲਿਆਂ ਵਿਚੋਂ ਇਕ ਕਿੱਲਾ ਵਿਕ ਜਾਏਗਾ।

ਅਫਸਰ : ਫਿਕਰ ਨਾ ਕਰ ਤੈਨੂੰ ਐਸੀ ਥਾਂ ਲਗਾਵਾਂਗੇ ਕਿ ਬਾਪੂ ਨੂੰ ਦੋ ਸਾਲਾਂ ਵਿਚ ਚਾਰ ਕਿੱਲੇ ਹੋਰ ਲੈ ਦੇਵੀਂ। ਬੋਲ ਹੈ ਮਨਜ਼ੂਰ ?

ਜਗਸੀਰ : ਇਹ ਤੋਂ ਸਿਵਾ ਰਾਹ ਵੀ ਕੋਈ ਨਹੀਂ। ਹੁਣ ਮੈਂ ਮੁੱਖ ਧਾਰਾ ਵਿਚ ਸ਼ਾਮਲ ਹੋਣਾ ਹੈ

ਅਫਸਰ : ਇਹ ਵੀਹ ਹਜ਼ਾਰ ਮੈਂ ਆਪਣੇ ਕੋਲ ਨਹੀਂ ਰੱਖਣੇ। ਇਸ ਵਿਚੋਂ ਉਸ ਥੈਲੀ ਲਈ ਵੀ ਹਿੱਸਾ ਕੱਢਣਾ ਹੈ ਜੋ ਵੱਡੇ ਮੰਤਰੀ ਨੂੰ ਇਥੇ ਆਉਣ 'ਤੇ ਪੇਸ਼ ਕਰਨੀ ਏ।

ਜਗਸੀਰ : ਥੈਲੀ ?...ਅੱਛਾ ਮੈਂ ਸਮਝ ਗਿਆ।

ਅਫਸਰ : ਕੀ ?

ਜਗਸੀਰ : ਇਹ ਥੈਲੀ ਵੀ ਮੁੱਖ ਧਾਰਾ ਦੀ ਇਕ ਧਾਰਾ ਹੈ।

*(ਫੇਡ ਆਊਟ)*

## ਸੀਨ 5

(ਰੇਪ ਸੰਗੀਤ ਵੱਜ ਰਿਹਾ ਹੈ। ਮੁੰਡੇ ਕੁੜੀਆਂ ਪੱਛਮੀ ਪੁਸ਼ਾਕ ਵਿਚ ਪੱਛਮੀ ਨਾਚ ਨੱਚ ਰਹੇ ਹਨ। ਜਗਸੀਰ ਵੀ ਪਹੁੰਚਦਾ ਹੈ। ਹੌਲੀ ਹੌਲੀ ਆਪਣੀ ਪੁਸ਼ਾਕ ਬਦਲਦਾ ਹੈ। ਉਤਲੇ ਕੱਪੜੇ ਲਾਹ ਕੇ ਸੁੱਟੀ ਜਾਂਦਾ ਹੈ। ਥੱਲਿਓਂ ਨਿੱਕਰ, ਗੈਲਸ, ਟੀ ਸ਼ਰਕਟ ਆਦਿਕ ਨਿਕਲੀ ਜਾਂਦੇ ਹਨ। ਉਹ ਕਾਲੇ ਸ਼ੀਸ਼ਿਆਂ ਵਾਲੀ ਐਨਕ ਲਗਾ ਲੈਂਦਾ ਹੈ। ਸਿਰ 'ਤੇ ਰੰਗ-ਬਰੰਗਾ ਰਿਬਨ ਬੰਨ੍ਹ ਲੈਂਦਾ ਹੈ। ਨਾਚ ਵਿਚ ਸ਼ਾਮਲ ਹੋ ਜਾਂਦਾ ਹੈ। ਥੋੜ੍ਹੀ ਦੇਰ ਨਾਚ ਚਲਦਾ ਹੈ। ਪਹਿਲੇ ਐਕਟ ਵਾਲਾ ਸਿਪਾਹੀ ਉਹਨੂੰ ਲੱਭਦਾ ਹੈ। ਉਹ ਵੀ ਨੱਚਦਾ ਨੱਚਦਾ ਜਗਸੀਰ ਕੋਲ ਜਾਂਦਾ ਹੇ। ਸੰਗੀਤ ਪਲ ਦੋ ਪਲ ਰੁਕਦਾ ਹੈ।)

ਸਿਪਾਹੀ : ਜਗਸੀਰ ਤੂੰ ਇਥੇ ?

ਜਗਸੀਰ : ਹੌਲਦਾਰ ਜੀ, ਹੁਣ ਸਭਿਆਚਾਰ ਦੀ ਮੁੱਖ ਧਾਰਾ ਇਹੀ ਏ। ਮੈਂ ਮੁੱਖ ਧਾਰਾ ਵਿਚ ਸ਼ਾਮਲ ਹਾਂ।

*(ਸੰਗੀਤ, ਨਾਚ ਅਤੇ ਫੇਰ ਫੇਡ ਆਊਟ)*

## ਸੀਨ 6

(ਇਕ ਸਾਧਾਰਨ ਬੰਦਾ, ਪੰਜ ਛੇ ਨੌਜਵਾਨਾਂ ਨੂੰ ਸੰਬੋਧਨ ਕਰਦਾ ਹੈ। ਨੌਜਵਾਨਾਂ ਦੀਆਂ ਪਿੱਠਾਂ ਹਨ। ਉਨ੍ਹਾਂ ਵਿਚ ਇਕ ਜਗਸੀਰ ਵੀ ਹੈ।)

ਸਾਧਾਰਨ ਬੰਦਾ : ਇਹ ਸਭ ਕੁਝ ਜੋ ਅੱਜ ਹੋ ਰਿਹਾ ਹੈ, ਇਹ ਸਾਧਾਰਨ ਲੋਕਾਂ ਲਈ ਚੈਲਿੰਜ ਹੈ। ਹਰ ਪਾਸੇ ਪੈਸੇ ਦੀ ਸਰਦਾਰੀ ਹੋ ਰਹੀ ਹੈ। ਇਕ ਭ੍ਰਿਸ਼ਟ ਵਰਤਾਰਾ ਸਾਰੇ ਪਾਸੇ ਚੱਲ ਰਿਹਾ ਹੈ। ਇਹਨੂੰ ਬਦਲਣ ਲਈ ਅਸੀਂ ਸੰਘਰਸ਼ ਕਰਨਾ ਹੈ। ਜਿਹੜੇ ਇਸ ਸੰਘਰਸ਼ ਵਿਚ ਸਾਡਾ ਸਾਥ ਦੇਣਾ ਚਾਹੁੰਦੇ ਨੇ, ਉਹ ਬਾਂਹ ਉਚੀ ਕਰਕੇ ਆਪਣੀ ਪ੍ਰਵਾਨਗੀ ਦੇਣ।

*(ਸਾਰੇ ਵਾਰੀ ਵਾਰੀ ਬਾਹਾਂ ਉਚੀਆਂ ਕਰਦੇ ਹਨ। ਸਿਪਾਹੀ ਆਉਂਦਾ ਹੈ।)*

ਸਿਪਾਹੀ : ਜਗਸੀਰ ਇਹ ਕੀ ਕਰ ਰਿਹਾ ਏਂ ?

ਜਗਸੀਰ : (ਉਚੀ ਹੋਈ ਬਾਂਹ ਨੂੰ ਝਟਕਾ ਦਿੰਦੇ ਹੋਏ) ਹੌਲਦਾਰ ਜੀ ਅੱਜ ਤੋਂ ਬਾਅਦ ਮੇਰੇ ਲਈ ਸੰਘਰਸ਼ ਹੀ ਮੁੱਖ ਧਾਰਾ ਹੈ।

*(ਸੰਗੀਤ ਵਜਦਾ ਹੈ ਤੇ ਨਾਟਕ ਸਮਾਪਤ ਹੁੰਦਾ ਹੈ।)*